# ਰੰਗਲਾ ਜੰਗਲ

(ਬਾਲ ਕਾਵਿ-ਸੰਗ੍ਰਹਿ)

ਵਿਮਲਾ ਗੁਗਲਾਨੀ 'ਗੁਗ'

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

**Rangla Jungle**

**by : Vimla Guglani (Gug)**
# 3200, Sector 40-D
Chandigarh.
Mob. 09888973200
Tel. : 0172-4623200
Email : vimlaguglani@gmail.com

Title designed by T. Singh

ISBN : 978-81-7914-

Edition : 2019

Price : Rs.

© Author

**Published by :**
Tarlochan Publishers
3236, Sector 15-D, Chandigarh
Mob:  98146-73236, 98786-03236
E-mail : tpublishers3236@gmail.com

---

ਰੰਗਲਾ ਜੰਗਲ (ਬਾਲ ਕਾਵਿ-ਸੰਗ੍ਰਹਿ), ਲੇਖਿਕਾ : ਵਿਮਲਾ ਗੁਗਲਾਨੀ 'ਗੁਗ'
ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ-160015
ਪੇਸ਼ਕਸ਼ : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

“‘ਇਹ ਕਿਤਾਬ ‘ਰੰਗਲਾ ਜੰਗਲ’
ਚੰਡੀਗੜ੍ਹ ਸਾਹਿਤ ਅਕਾਦਮੀ ਦੇ
ਸਹਿਯੋਗ ਨਾਲ ਛਾਪੀ ਗਈ ਹੈ।”

ਇਹ ਬਾਲ ਕਾਵਿ-ਸੰਗ੍ਰਹਿ ਸਮਰਪਿਤ ਹੈ ਮੇਰੀ ਪਿਆਰੀ
ਪੋਤੀ 'ਸਨਾ ਗੁਗਲਾਨੀ' ਨੂੰ ਜਿਸ ਨੇ ਮੇਰੇ
ਵਿਹੜੇ ਨੂੰ ਖੁਸ਼ੀਆਂ ਤੇ ਖੇੜਿਆਂ ਨਾਲ ਭਰ
ਦਿੱਤਾ ਹੈ। ਉਸ ਦੇ ਪਸ਼ੂ-ਪੰਛੀਆਂ
ਨਾਲ ਪਿਆਰ ਨੇ ਹੀ ਮੈਨੂੰ ਇਹ
ਬਾਲ ਕਾਵਿ-ਸੰਗ੍ਰਹਿ ਲਿਖਣ
ਲਈ ਪ੍ਰੇਰਿਤ ਕੀਤਾ।

# ਮੇਰੇ ਵੱਲੋਂ

ਬੱਚਿਆਂ ਨੂੰ ਪੰਛੀਆਂ, ਜੀਵ-ਜੰਤੂਆਂ ਨਾਲ ਬਹੁਤ ਪਿਆਰ ਹੁੰਦਾ ਹੈ। ਉਹਨਾਂ ਨੂੰ ਚਿੜੀਆਂ, ਤੋਤੇ, ਕੁੱਤੇ, ਬਿੱਲੀਆਂ ਤੇ ਹੋਰ ਜਾਨਵਰਾਂ ਨਾਲ ਸਮਾਂ ਬਿਤਾਉਣਾ, ਉਹਨਾਂ ਦੀਆਂ ਆਵਾਜ਼ਾਂ ਸੁਣਨਾ, ਤਸਵੀਰਾਂ ਵੇਖਣਾ, ਬਣਾਉਣਾ, ਕਹਾਣੀਆਂ ਸੁਨਣਾ-ਸੁਣਾਉਣਾ, ਕਵਿਤਾਵਾਂ ਪੜ੍ਹਨਾ, ਗਾਉਣਾ ਚੰਗਾ ਲੱਗਦਾ ਹੈ। ਜਿਨ੍ਹਾਂ ਵੀ ਡਿਜ਼ੀਟਲ ਯੁੱਗ ਆ ਜਾਵੇ ਕਿਤਾਬਾਂ ਦੀ ਜਗ੍ਹਾ ਕੋਈ ਨਹੀਂ ਲੈ ਸਕਦਾ। 'ਰੰਗਲਾ ਜੰਗਲ' ਬਾਲ ਕਾਵਿ-ਸੰਗ੍ਰਹਿ ਬੱਚਿਆਂ ਦੇ ਪਸ਼ੂ-ਪੰਛੀਆਂ ਦੇ ਪ੍ਰਤੀ ਰੁੱਚੀ ਤੇ ਪਿਆਰ ਨੂੰ ਮੁੱਖ ਰੱਖਦਿਆਂ ਹੋਇਆਂ ਲਿਖਣ ਦਾ ਮੇਰਾ ਪ੍ਰਯਾਸ ਹੈ। ਇਸ ਵਿਚ ਆਮ ਪ੍ਰਚੱਲਿਤ ਤੇ ਪੰਚਤੰਤਰ ਦੀਆਂ ਕਹਾਣੀਆਂ ਨੂੰ ਹੀ ਕਵਿਤਾਵਾਂ ਦਾ ਰੂਪ ਦਿੱਤਾ ਗਿਆ ਹੈ। ਥੋੜ੍ਹਾ ਜਿਹਾ ਹਾਸਾ ਵੀ ਜਿਵੇਂ ਕਿ ਕਵਿਤਾ 'ਮਾਡਰਨ ਕਾਂ', 'ਕੀੜੀ ਤੇ ਹਾਥੀ', 'ਨਿਮਾਣਾ ਗਧਾ' ਵੀ ਸ਼ਾਮਿਲ ਕੀਤਾ ਗਿਆ ਹੈ। ਕਈ ਵਾਰੀ ਬੱਚਿਆਂ ਨੂੰ ਕਹਾਣੀ ਯਾਦ ਕਰਨਾ ਜਾਂ ਸੁਣਾਉਣਾ ਔਖਾ ਲੱਗਦਾ ਹੈ, ਪਰ ਕਵਿਤਾ ਇਕ ਤਾਂ ਆਸਾਨੀ ਨਾਲ ਯਾਦ ਹੋ ਜਾਂਦੀ ਹੈ, ਦੂਜਾ ਸੁਰ ਵਿਚ ਪੜ੍ਹਨ ਦਾ ਵੱਖਰਾ ਹੀ ਅਨੰਦ ਹੈ।

ਹਥਲੇ ਬਾਲ-ਸੰਗ੍ਰਹਿ ਵਿਚ ਸਾਰੀਆਂ ਕਵਿਤਾਵਾਂ ਹੀ ਪਸ਼ੂ-ਪੰਛੀਆਂ 'ਤੇ ਆਧਾਰਿਤ ਹਨ। ਇਕ ਪਾਸੇ ਜਿੱਥੇ ਬੱਚਿਆਂ ਨੂੰ ਉਹਨਾਂ ਦੇ ਨਾਂ ਯਾਦ ਹੋ ਜਾਣਗੇ, ਦੂਜੇ ਪਾਸੇ ਉਹਨਾਂ ਦੀਆਂ ਕਈ ਹੋਰ ਗੱਲਾਂ ਦੀ ਵੀ ਜਾਣਕਾਰੀ ਮਿਲੇਗੀ। ਹਰ ਕਵਿਤਾ ਤੋਂ ਕੋਈ ਨਾ ਕੋਈ ਚੰਗੀ ਸਿੱਖਿਆ ਤੇ ਸੰਦੇਸ਼ ਵੀ ਮਿਲਦਾ ਹੈ। ਪਸ਼ੂ-ਪੰਛੀ ਇਸ ਧਰਤੀ 'ਤੇ ਸਾਡੇ ਜੀਵਨ ਦਾ ਇਕ ਅਭਿੰਨ ਅੰਗ ਹਨ। ਇਹਨਾਂ ਸਦਕਾ ਹੀ ਧਰਤੀ ਦੀ ਸੁੰਦਰਤਾ ਹੈ ਤੇ ਸਾਡੀਆਂ ਬਹੁਤ ਸਾਰੀਆਂ ਜ਼ਰੂਰਤਾਂ ਵੀ ਪੂਰੀਆਂ ਹੁੰਦੀਆਂ ਹਨ। ਬੱਚਿਆਂ ਲਈ ਇਹ ਬਾਲ ਕਾਵਿ-ਸੰਗ੍ਰਹਿ ਮਨੋਰੰਜਕ ਤੇ ਸਿੱਖਿਆਦਾਇਕ ਵੀ ਹੈ। ਉਮੀਦ ਹੈ ਕਿ ਬੱਚਿਆਂ ਦੇ ਨਾਲ-ਨਾਲ ਵੱਡਿਆਂ ਨੂੰ ਵੀ

# ਲੇਖਿਕਾ ਪਰਿਚੈ

| | | |
|---|---|---|
| ਨਾਂ | : | ਵਿਮਲਾ ਗੁਗਲਾਨੀ |
| ਜਨਮ ਮਿਤੀ | : | 10.3.1951 |
| ਵਿੱਦਿਆ | : | ਐਮ. ਏ. (ਹਿਸਟਰੀ) ਬੀ.ਐੱਡ<br>ਸੇਵਾ-ਮੁਕਤ ਪੰਜਾਬ ਸਰਕਾਰ ਅਧਿਆਪਕਾ |
| ਉਪਲਭਦੀਆਂ | : | ਲਗਭਗ 37 ਸਾਲ ਦੀ ਨੌਕਰੀ (1972-2009) ਕਾਲਜ ਤੋਂ ਹੀ ਲਿਖਣ-ਪੜ੍ਹਨ ਦਾ ਸ਼ੌਕ, ਆਪਣੀਆਂ ਚਾਰ ਕਿਤਾਬਾਂ (ਸਮਰਿਤਿਓ ਕੇ ਆਰ-ਪਾਰ, ਇੰਦਰਧਨੁਸ਼ੀ ਜੀਵਨ ਕਲਾ, ਉਤਸਵ ਹੈ ਜ਼ਿੰਦਗੀ, ਸਨੀ-ਬਨੀ) ਛਪ ਚੁੱਕੀਆਂ ਹਨ। ਹਿੰਦੀ, ਪੰਜਾਬੀ ਦੀ ਕਵਿਤਾਵਾਂ ਦੀਆਂ 15 ਕਿਤਾਬਾਂ ਵਿਚ ਸਾਂਝੇਦਾਰੀ ਹੈ। ਅਖ਼ਬਾਰਾਂ, ਮੈਗਜ਼ੀਨਾਂ ਵਿਚ ਅਕਸਰ ਲੇਖ, ਕਵਿਤਾਵਾਂ, ਕਹਾਣੀਆਂ ਛਪਦੀਆਂ ਰਹਿੰਦੀਆਂ ਹਨ। ਬਹੁਤ ਸਾਰੀਆਂ ਰੈਸਿਪੀਜ਼ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਕਈ ਸਭਾਵਾਂ, ਸੰਸਥਾਵਾਂ ਤੋਂ ਇਨਾਮ ਅਤੇ ਸਨਮਾਨ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ।<br><br>ਪਟਿਆਲਾ ਤੋਂ ਮਹੀਨੇਵਾਰ ਪ੍ਰਕਾਸ਼ਿਤ ਹੋਣ ਵਾਲੀ ਪੰਜਾਬੀ ਮੈਗਜ਼ੀਨ 'ਸੋਚ ਦੀ ਸ਼ਕਤੀ' ਦੀ ਸਲਾਹਕਾਰ ਕਮੇਟੀ ਵਿਚ ਸ਼ਮੂਲੀਅਤ ਹੈ ਪਿਛਲੇ ਲਗਭਗ ਪੰਜ ਸਾਲਾਂ ਤੋਂ ਜ਼ਿਆਦਾ ਸਮੇਂ ਤੋਂ ਇਸ ਵਿਚ ਹਰ ਮਹੀਨੇ ਲੇਖ, ਕਵਿਤਾਵਾਂ, ਰੈਸਿਪੀਜ਼ ਤੇ ਸ਼ਖ਼ਸੀਅਤਾਂ ਬਾਰੇ ਲਿਖਣ |

# ਤਤਕਰਾ


| | | |
|---|---|---|
| 1. | ਰੰਗਲਾ ਜੰਗਲ | 9 |
| 2. | ਮਾਡਰਨ ਕਾਂ | 10 |
| 3. | ਕੀੜੀ ਤੇ ਹਾਥੀ | 13 |
| 4. | ਬਾਂਦਰ ਤੇ ਲੰਗੂਰ | 14 |
| 5. | ਮੀਨੂ ਮੱਖੀ | 16 |
| 6. | ਗਊ ਮਾਤਾ | 17 |
| 7. | ਨਿਮਾਣਾ ਗਧਾ | 18 |
| 8. | ਵਿਚਾਰਾ ਉੱਲੂ | 21 |
| 9. | ਬਾਘੜ ਬਿੱਲਾ | 22 |
| 10. | ਬਾਰ੍ਹਾਂ ਸਿੰਘਾਂ | 23 |
| 11. | ਕਾਲੂ ਕਾਂ | 24 |
| 12. | ਊਠ | 27 |
| 13. | ਚਿੜੀਆਂ ਰਾਣੀ | 28 |
| 14. | ਚਤੁਰ ਖ਼ਰਗੋਸ਼ | 29 |
| 15. | ਭੇੜੀਆ ਤੇ ਮੇਮਣਾ | 31 |
| 16. | ਦੋ ਬੱਕਰੀਆਂ | 33 |
| 17. | ਚਿੜੀ ਤੇ ਕਾਂ | 34 |
| 18. | ਸ਼ੇਰ ਤੇ ਚੂਹਾ | 36 |
| 19. | ਰੰਗਿਆ ਗਿੱਦੜ | 37 |
| 20. | ਪਸ਼ੂ ਪੰਛੀਆਂ ਦੀ ਫ਼ਰਿਆਦ | 39 |



## ਰੰਗਲਾ ਜੰਗਲ

'ਰੰਗਲਾ' ਨਾਂ ਦਾ ਇਕ ਜੰਗਲ
ਵਿਚ ਪਹਾੜਾਂ ਝਿਲਮਿਲ ਸਜਿਆ,
ਜੜੀ ਬੂਟੀਆਂ, ਪੇੜ ਪੌਦਿਆਂ
ਨਾਲ ਤਾਂ ਉਹ ਸੀ ਫੱਬਿਆ।

ਭਾਂਤ-ਭਾਂਤ ਦੇ ਪਸ਼ੂਆਂ ਨੇ
ਸੀ ਲਾਇਆ ਉੱਥੇ ਡੇਰਾ
ਮੱਧੂ-ਮੱਖੀਆਂ, ਤਿਤਲੀ ਤੇ ਭੰਵਰੇ
ਨਿੱਤ ਨਿੱਤ ਪਾਉਂਦੇ ਉੱਥੇ ਫੇਰਾ।

ਹਿਰਨ, ਗਿੱਦੜ ਤੇ ਚੀਤਾ ਰਹਿੰਦੇ
ਰਹਿੰਦੇ ਭਾਲੂ, ਸ਼ੇਰ ਤੇ ਬੱਬਰ ਸ਼ੇਰ,
ਰਲ-ਮਿਲ ਸਾਰੇ ਖੁਸ਼ੀ ਮਨਾਉਂਦੇ
ਕਿਸੇ ਦੇ ਮਨ 'ਚ ਤੇਰ ਨਾ ਮੇਰ।

ਲੋਮੜੀ, ਜ਼ਿਰਾਫ਼ ਤੇ ਭੇੜੀਏ ਵੀ ਸਨ
ਚਿੰਪਾਜੀ, ਨੀਲ ਗਾਏ ਤੇ ਹਾਥੀ,
ਹੱਸ ਕੇ ਮਿਲਣ ਖ਼ਰਗੋਸ਼ ਤੇ ਗਿਰਗਿਟ
ਭੈਂਸਾ, ਗੈਂਡਾ ਰਹਿੰਦੇ ਬਣ ਕੇ ਸਾਥੀ।

ਉੱਠ ਸਵੇਰੇ ਰੋਜ਼ ਹੀ ਸਾਰੇ
ਰਲ-ਮਿਲ ਜਸ਼ਨ ਮਨਾਉਂਦੇ,
ਇਕ ਘਾਟ ਤੇ ਪਾਣੀ ਪੀਂਦੇ
ਨੱਚਦੇ ਟੱਪਦੇ ਗੀਤ ਖੁਸ਼ੀ ਦੇ ਗਾਉਂਦੇ।

# ਮਾਡਰਨ ਕਾਂ

ਮਹੀਨਾ ਆਇਆ ਜੂਨ ਦਾ
ਕਾਲੂ ਕਾਂ ਪਰੇਸ਼ਾਨ,
ਮੁੜਕੋ-ਮੁੜਕੀ ਹੋਇਆ
ਗੱਲ ਵਿਚ ਅਟਕੀ ਜਾਨ।

ਕਾਂ-ਕਾਂ ਉਹ ਕਰਦਾ ਫਿਰਦਾ
ਕਿਤੇ ਨਾ ਦਿਸਦਾ ਪਾਣੀ,
ਇਕ ਬੂੰਦ ਨੂੰ ਤਰਸ ਗਿਆ
ਅਟਕੀ ਜਿੰਦ ਨਿਮਾਣੀ।

ਸ਼ਹਿਰਾਂ ਵਿਚ ਨਾ ਟੋਏ ਟੋਭੇ
ਨਾ ਕੋਈ ਖੂਹ ਨਾ ਨਹਿਰ,
ਕਿਧਰ ਜਾਵੇ ਕਾਂ ਵਿਚਾਰਾ
ਗ਼ਰਮੀ ਦਾ ਸੀ ਕਹਿਰ।

ਉੱਡਦੇ-ਉੱਡਦੇ ਇਕ ਢਾਬੇ ਵਿਚ
ਵੇਖਿਆ ਜਗ ਵਿਚ ਪਾਣੀ,
ਪਰ ਪਾਣੀ ਸੀ ਬਹੁਤਾ ਹੇਠਾਂ
ਚੁੰਜ ਨਾ ਉਸ ਤੱਕ ਜਾਨੀ।



ਸੋਚੀ ਪੈ ਗਿਆ ਕਾਂ ਵਿਚਾਰਾ
ਪੁਰਖੇ ਯਾਦ ਵੀ ਆਏ,
ਕਿੱਥੋਂ ਲਿਆਵੇ ਕੰਕਰ ਪੱਥਰ
ਨਜ਼ਰ ਨਾ ਕਿਧਰੇ ਆਏ।

ਥੱਕ ਹਾਰ ਜਦ ਉੱਡਣ ਲੱਗਿਆ
ਆਖ਼ਰੀ ਨਜ਼ਰ ਘੁਮਾਈ,
ਨਲਕੀਆਂ ਨਾਲ ਕੁਝ ਪੀਂਦੇ ਢਿੱਠੇ
ਉੱਥੇ ਬੈਠ ਲੋਕ ਲੋਕਾਈ।

ਕਾਂ ਵੀ ਤਾਂ ਘੱਟ ਨਹੀਂ ਸੀ
ਗੱਲ ਦਿਮਾਗ਼ ਵਿਚ ਆਈ,
ਹੋਲੀ ਜਿਹੀ ਥੱਲੇ ਨੂੰ ਹੋ ਕੇ
ਨਲਕੀ ਇਕ ਚੁਰਾਈ।

ਉੱਡ ਗਿਆ ਉਹ ਨਲਕੀ ਲੈ ਕੇ
ਜਗ ਕੋਲ ਜਾ ਪੁੱਜਾ,
ਹੁਣ ਪੀਣਾ ਪਾਣੀ ਨਹੀਂ ਔਖਾ
ਜਗ ਹੋਵੇ ਜਾ ਕੂਜਾ।



❁

# ਕੀੜੀ ਤੇ ਹਾਥੀ




ਇਕ ਕੀੜੀ ਸੀ ਬੜੀ ਨਿਰਾਲੀ
ਥੋੜ੍ਹੀ ਭੂਰੀ, ਥੋੜ੍ਹੀ ਕਾਲੀ,
ਮਸਤੀ ਮਸਤੀ ਰਿੜ੍ਹਦੀ ਜਾਂਦੀ
ਤੋਰ ਸੀ ਉਸਦੀ ਬੜੀ ਮਤਵਾਲੀ।

ਬਰਖਾ ਦਾ ਜਦ ਮੌਸਮ ਆਇਆ
ਡਾਢਾ ਉਸਨੂੰ ਭੁੱਖ ਸਤਾਇਆ,
ਖੁੱਡ 'ਚੋਂ ਨਿਕਲ ਕੇ ਬਾਹਰ ਆਈ
ਇਕ ਹਾਥੀ ਨਾਲ ਜਾ ਟਕਰਾਈ।

ਹੱਟ ਪਿੱਛੇ, ਤੈਨੂੰ ਮੈਂ ਨਾ ਦਿਸੀ
ਅੱਗ ਬਬੂਲਾ ਹੋ ਕੇ ਕੀੜੀ ਬੋਲੀ,
ਜਿਹੜਾ ਮੇਰੀ ਰਾਹ ਵਿਚ ਆਵੇ
ਖ਼ਤਮ ਕਰ ਦੇਵੇ ਉਸਨੂੰ ਮੇਰੀ ਟੋਲੀ।

ਗੱਲ ਸੁਣ ਇਹ ਕੀੜੀ ਦੀ
ਹਾਥੀ ਮੰਦ ਮੰਦ ਮੁਸਕਾਇਆ,
ਸੁੰਡ ਨੂੰ ਚੁੱਕ ਕੇ ਉਪਰ ਦੀ
ਕੀੜੀ ਨੂੰ ਸਲਾਮ ਵਜਾਇਆ।



ਆ ਭੈਣਾ ਤੂੰ ਲੰਘ ਜਾ ਪਹਿਲੋ
ਮੈਂ ਪਿੱਛੋਂ ਹੀ ਲੰਘ ਜਾਵਾਂ,
ਜੇ ਤੂੰ ਮੇਰੇ ਵਿਚ ਵੱਜੀ
ਤਾ ਸੱਟ ਨਾ ਮੈਂ ਖਾ ਜਾਵਾਂ।

ਠੀਕ ਹੈ, ਠੀਕ ਹੈ ਲੰਘ ਜਾ ਹੁਣ ਤੂੰ
ਧਿਆਨ ਅੱਗੋਂ ਤੋਂ ਰੱਖੀ,
ਜਿੱਥੇ ਦਿਸ ਜਾਵੇ ਕੋਈ ਕੀੜੀ
ਉਸ ਪਾਸੇ ਨਾ ਤੱਕੀ।

## ਬਾਂਦਰ ਤੇ ਲੰਗੂਰ



ਘਣੇ ਦਰੱਖ਼ਤ 'ਤੇ ਰਹਿੰਦੇ ਸੀ
ਜਿੰਨੀ ਬਾਂਦਰ ਤੇ ਰੋਮੀ ਲੰਗੂਰ,
ਇੱਟ ਕੁੱਤੇ ਦਾ ਵੈਰ ਦੋਵਾਂ ਵਿਚ
ਗਿੱਠ-ਗਿੱਠ ਰਹਿੰਦੇ ਦੂਰ।

ਇਕ-ਦੂਜੇ ਨਾਲ ਲੜਦੇ ਰਹਿੰਦੇ
ਖਹਿਬੜ-ਖਹਿਬੜ ਮਰਦੇ ਰਹਿੰਦੇ,
ਆਖ਼ਣ ਦੋਵੇ, ਮੈਂ ਹਾਂ ਸੋਹਣਾ
ਰੂਪ ਤਾਂ ਮੇਰਾ ਹੀ ਮਨਮੋਹਣਾ।

ਇਕ ਦਿਨ ਇਕ ਮਦਾਰੀ ਆਇਆ
ਉਸਨੇ ਐਸਾ ਜਾਲ ਵਿਛਾਇਆ,
ਫੜ ਬਾਂਦਰ ਨੂੰ ਸ਼ਹਿਰ 'ਚ ਲਿਆਇਆ
ਵਜਾ ਡੁਗਡੁਗੀ ਨਾਚ ਨਚਾਇਆ।



ਹੁਣ ਲੰਗੂਰ ਤਾਂ ਰਹਿ ਗਿਆ 'ਕੱਲਾ
ਦਿਲ ਨਾ ਉਸਦਾ ਲੱਗਦਾ ਸੀ,
ਪਿੱਛੇ-ਪਿੱਛੇ ਸ਼ਹਿਰ 'ਚ ਆਇਆ
ਬਾਂਦਰ ਨੂੰ ਉਹ ਲੱਭਦਾ ਸੀ।

ਜ਼ੰਜ਼ੀਰ ਪਈ ਸੀ ਗਲ ਬਾਂਦਰ ਦੇ
ਪੈਰੀਂ ਘੁੰਗਰੂ ਵੱਜਦੇ ਸੀ,
ਕੈਦੀਆਂ ਵਰਗਾ ਹਾਲ ਸੀ ਉਸਦਾ
ਅੱਖ ਵਿਚ ਅੱਥਰੂ ਵਗਦੇ ਸੀ।

ਲੰਗੂਰ ਵੀ ਸੀ ਬੜਾ ਹੀ ਚਾਲੂ
ਬੱਸ ਇਕ ਮੌਕੇ ਦੀ ਸੀ ਤਾੜ,
ਹੱਥ ਮਲਦਾ ਰਿਹਾ ਮਦਾਰੀ
ਲੈ ਉਡਿਆ ਆਪਣਾ ਯਾਰ।



ਰਲ-ਮਿਲ ਰਹਿਣ 'ਚ ਬਰਕਤ ਕਿੰਨੀ
ਹੁਣ ਸਮਝ ਉਹਨਾਂ ਨੂੰ ਆਈ
ਛੱਡ ਲੜਾਈ ਝਗੜਾ ਦੋਵਾਂ
ਜ਼ੋਰ ਦੀ ਘੁੱਟ ਕੇ ਜੱਫ਼ੀ ਪਾਈ।

❀

# ਮੀਨੂ ਮੱਖੀ



ਮੀਨੂ ਮੱਖੀ, ਮੀਨੂ ਮੱਖੀ
ਮੇਰਾ ਨਾਂ ਹੈ ਮੀਨੂ ਮੱਖੀ,
ਮੇਰੇ ਨਾਲ ਹੈ ਮੇਰੀ ਟੋਲੀ
ਸਾਰੇ ਬੋਲਣ ਇਕੋ ਬੋਲੀ।

ਭਿੰਨ-ਭਿੰਨ ਕਰਦੀ ਮੈਂ ਤਾਂ ਆਈ
ਗੰਦਗੀ ਨੂੰ ਵੀ ਨਾਲ ਲਿਆਈ,
ਏਧਰ-ਉਧਰ ਉਡਦੀ ਰਹਿੰਦੀ
ਇਕ ਜਗ੍ਹਾ ਨਾ ਟਿਕ ਕੇ ਬਹਿੰਦੀ।

ਮੈਂ ਤਾਂ ਸਦਾ ਗੰਦਗੀ ਚਾਹਵਾਂ
ਸਫ਼ਾਈ ਦੇ ਨੇੜੇ ਨਾ ਜਾਵਾਂ,
ਰੋਗ ਬੀਮਾਰੀ ਨਾਲ ਲਿਆਵਾਂ
ਮਿੱਠੇ ਤੇ ਮੈਂ ਭੱਜ ਕੇ ਜਾਵਾਂ।

ਸੁੰਘਣ ਸ਼ਕਤੀ ਮੇਰੀ ਤੇਜ਼
ਗੰਦੀਆਂ ਚੀਜ਼ਾਂ ਮੇਰੀ ਸੇਜ,
ਜਿੰਨਾ ਕਚਰਾ ਤੁਸੀਂ ਫੈਲਾਉਗੇ
ਓਨੀ ਮੇਰੀ ਮੌਜ ਬਣਾਓਗੇ।

ਬੱਚਿਓ ਇਸ ਤੋਂ ਬਚ ਕੇ ਰਹਿਣਾ
ਇਸ ਦਾ ਕੰਮ ਹੈ ਗੰਦ 'ਤੇ ਬਹਿਣਾ,
'ਸਵੱਛ ਭਾਰਤ' ਅਭਿਆਨ ਚਲਾਈਏ
ਮੱਖੀਆਂ ਨੂੰ ਫਿਰ ਦੂਰ ਭਜਾਈਏ।



## ਗਊ ਮਾਤਾ



ਗਊ ਮਾਤਾ ਦੀ ਸੁਣੋ ਪੁਕਾਰ
ਉਹ ਤਾਂ ਸਾਡੀ ਪਾਲਣਹਾਰ,
ਨਿੱਕੇ, ਵੱਡੇ, ਬੱਚੇ ਬਿਰਧ
ਸਾਰੇ ਪੀਂਦੇ ਇਸ ਦਾ ਦੁੱਧ।


ਦਹੀਂ, ਮੱਖਣ, ਲੱਸੀ ਤੇ ਪਨੀਰ
ਸਾਰੇ ਗਊ ਮਾਤਾ ਦੇ ਸਕੀਰ,
ਦੇਸੀ ਘਿਉ ਹੀ ਸਭ ਤੋਂ ਚੰਗਾ
ਰਿਫਾਇੰਡ ਤੇਲ ਹੈ ਸਿਹਤ ਲਈ ਮੰਦਾ।

ਆਈਸਕ੍ਰੀਮ ਕੁਲਫ਼ੀ ਸਭ ਨੂੰ ਭਾਵੇ
ਦੁੱਧ, ਰਬੜੀ ਤੋਂ ਇਹ ਬਣ ਜਾਵੇ।
ਚੰਗੀ ਸਿਹਤ ਹੈ ਕੀਮਤੀ ਮੇਵਾ
ਰਲਕੇ ਕਰੋ ਗਊ ਮਾਤਾ ਦੀ ਸੇਵਾ।

ਬੱਚਿਓ ਸਾਰੇ ਲੈ ਲਵੋ ਸਿੱਖਿਆ
ਕਰਨੀ ਗਊ ਮਾਤਾ ਦੀ ਰੱਖਿਆ,
ਦੁੱਧ ਇਸ ਦਾ ਅੰਮ੍ਰਿਤ ਸਮਾਨ
ਦੇਵੇ ਸਾਨੂੰ ਜੀਵਨ ਦਾਨ।



## ਨਿਮਾਣਾ ਗਧਾ



ਇਕ ਧੋਬੀ ਦਾ ਗਧਾ ਨਿਮਾਣਾ
ਨਿੱਤ-ਨਿੱਤ ਮਾਰ ਸੀ ਖਾਂਦਾ,
ਰੋਜ਼ ਹੀ ਉਸਦੇ ਦਿਲ ਵਿਚ ਆਵੇ
ਕਿਉਂ ਨਹੀਂ ਉਹ ਭੱਜ ਜਾਂਦਾ।

ਰੋਜ਼ ਸਵੇਰੇ ਪੰਡਾਂ ਬੰਨ੍ਹ ਕੇ
ਧੋਬੀ, ਘਾਟ ਤੇ ਜਾਵੇ,
ਅੱਧੇ ਭੁੱਖੇ ਢਿੱਡ ਹੀ ਉਸਨੂੰ
ਚੱਕਰ ਕਈ ਲੁਆਵੇ।

ਧੋਬੀ ਦੀ ਇਕ ਕੁੜੀ ਸੀ ਸੋਹਣੀ
ਗੋਰੀ ਚਿੱਟੀ ਤੇ ਮਨਮੋਹਣੀ,
ਪੜ੍ਹਨ ਲਿਖਣ ਵਿਚ ਵੱਡੀ ਜ਼ੀਰੋ
ਪਰ ਰਹਿੰਦੀ ਸੀ ਬਣ ਕੇ ਹੀਰੋ।

ਗਧੇ ਦਾ ਇਕ ਪੱਕਾ ਬੇਲੀ
ਨਿੱਤ ਸੀ ਉਸਨੂੰ ਮਿਲਦਾ,
ਆਖੇ, ਔਖਾ ਹੋ ਕੇ ਰਹਿੰਦਾ
ਕਿਉਂ ਨਹੀਂ ਇੱਥੋਂ ਹਿਲਦਾ।



ਨੇੜੇ ਹੋ ਕੇ ਗਧਾ ਬੋਲਿਆ
ਭੱਜ ਤਾਂ ਮੈਂ ਅੱਜ ਜਾਵਾਂ,
ਇੱਧਰ ਕਰ ਕੰਨ ਜ਼ਰਾ ਤੂੰ
ਦਿਲ ਦੀ ਗੱਲ ਸੁਣਾਵਾਂ।

ਧੋਬੀ ਡਾਢਾ ਦੁੱਖੀ ਕੁੜੀ ਤੋਂ
ਨਿੱਤ ਆਖੇ, ਮੈਂ ਕਿੱਧਰ ਜਾਵਾਂ
ਐਤਕਾਂ ਜੇ ਤੂੰ ਹੋ ਈ ਫੇਲ੍ਹ,
ਗਧੇ ਨਾਲ ਫੇਰਾ ਤੇਰੀਆਂ ਲਾਵਾਂ।

ਬੱਸ ਮੈਂ ਤਾਂ ਉਡੀਕ ਵਿਚ ਬੈਠਾਂ
ਦਿਨ ਸੁਭਾਗੜਾ ਕਦੋਂ ਆਵੇ,
ਫੇਲ੍ਹ ਹੋ ਕੇ ਉਹ ਆਵੇ ਘਰ ਨੂੰ
ਗੱਲ ਮੇਰੇ ਜੈਮਾਲਾ ਪਾਵੇ।

❀

# ਵਿਚਾਰਾ ਉੱਲੂ



ਉੱਲੂ ਰਹਿੰਦਾ ਬੜਾ ਉਦਾਸ
ਕੋਈ ਨਾ ਸੁਣੇ ਉਸਦੀ ਅਰਦਾਸ
ਸਾਰੇ ਉਸਦੇ ਨਾਂ ਤੋਂ ਹੱਸਣ,
ਬੱਚੇ, ਬੁੱਢੇ ਖਿੜ-ਖਿੜ ਹੱਸਣ।

ਸ਼ਕਲ ਸੂਰਤ ਦਾਤੇ ਨੇ ਬਖ਼ਸ਼ੀ
ਇਸ ਵਿਚ ਮੇਰੀ ਕੀ ਹੈ ਗ਼ਲਤੀ,
ਦਿਨ ਵਿਚ ਮੈਨੂੰ ਨਜ਼ਰ ਨਾ ਆਵੇ
ਰਾਤ ਮੇਰੇ ਲਈ ਦਿਨ ਬਣ ਜਾਵੇ।

ਧਨ ਦੌਲਤ ਦਾ ਮੈਂ ਆਵਾਹਣ
ਲੱਛਮੀ ਮਾਂ ਦਾ ਮੈਂ ਤਾਂ ਵਾਹਣ,
ਸਾਰਾ ਦਿਨ ਮੈਂ ਕਰਾਂ ਆਰਾਮ
ਕਈਆਂ ਦਾ ਹਾਂ 'ਲੱਕੀ ਚਾਰਮ'

ਕੰਨ ਤਾਂ ਮੇਰੇ ਬੜੇ ਹੀ ਤੇਜ਼
ਚਮਕੀਲੀਆਂ ਅੱਖਾਂ ਗੋਲਮਟੋਲ,
ਕੀਮਤ ਕਈ ਹਜ਼ਾਰਾਂ ਮੇਰੀ
ਪੰਛੀ ਮੈਂ ਤਾਂ ਹਾਂ ਅਨਮੋਲ।

ਮਣਿਆ ਮੇਰੀ ਸ਼ਕਲ ਡਰਾਉਣੀ
ਪਰ ਹਾਂ ਮੈਂ ਵੀ ਬੁੱਧੀਮਾਨ,
ਸ਼ਕਲ ਸੂਰਤ ਵਿਚ ਕੀ ਰੱਖਿਆ
ਜੇਕਰ ਅੰਦਰੋਂ ਹੋਵੇ ਗਿਆਨ।

# ਬਾਘੜ ਬਿੱਲਾ



ਬਾਘੜ ਬਿੱਲਾ, ਬਾਘੜ ਬਿੱਲਾ
ਮੈਂ ਹਾਂ ਸੋਹਣਾ ਬਾਘੜ ਬਿੱਲਾ

ਭੂਰੀਆਂ-ਭੂਰੀਆਂ ਮੇਰੀਆਂ ਅੱਖਾਂ
ਗਿੱਠ-ਗਿੱਠ ਲੰਮੀ ਮੇਰੀ ਮੂਛ,
ਸਾਰੇ ਦੇਵਣ ਮੈਨੂੰ ਸਲਾਮੀ।
ਹਰ ਥਾਂ ਹੋਵੇ ਮੇਰੀ ਪੂਛ।

ਮੈਂ ਤਾਂ ਲੱਗਦਾ ਸ਼ੇਰ ਦੇ ਵਰਗਾ
ਕੱਦ ਥੋੜ੍ਹਾ ਜਿਹਾ ਛੋਟਾ,
ਚੀਤਾ ਵੀ ਹੈ ਸਾਥੀ ਮੇਰਾ
ਬੱਸ ਮਾੜਾ ਕੁ ਮੈਥੋਂ ਮੋਟਾ।

ਬਿੱਲੇ ਐਥੇ ਫਿਰਨ ਬਥੇਰੇ
ਵੱਖਰਾ ਮੈਂ ਤਾਂ ਬਿੱਲਾ ਬਾਘੜ
ਕਿਸੇ ਕੋਲੋਂ ਨਾ ਡਰਦਾ ਭੋਰਾ।
ਕਿਉਂ ਜੁ ਮੈਂ ਤਾਂ ਸ਼ੇਰ ਦਾ ਮਾਸੜ।



ਫੜੀਆਂ ਸੁਣ ਬਿੱਲੇ ਦੀਆਂ
ਜੰਗਲੀ ਕੁੱਤਾ ਸਾਹਮਣੇ ਆਇਆ।
ਥਰ-ਥਰ ਕੰਬੀਆਂ ਲੱਤਾਂ ਉਸਦੀਆਂ
ਚਰਨੀ ਡਿੱਗ ਕੇ ਸਾਹ ਬਚਾਇਆ।

ਮੁਆਫ਼ ਕਰ ਦਿਉ ਭਾਜੀ ਮੈਨੂੰ
ਮਾਉਂ ਜਿਹਾ ਮੈਂ ਤਾਂ ਜੀਅ ਨਿਮਾਣਾ,
ਵੱਡੀਆਂ-ਵੱਡੀਆਂ ਐਵੇਂ ਛੱਡੀਆਂ
ਬੱਸ ਚੂਹੇ ਹੀ ਮੇਰਾ ਠਿਕਾਣਾ।

# ਬਾਰ੍ਹਾਂ ਸਿੰਘਾ

ਬਾਰ੍ਹਾਂ ਸਿੰਘਾ ਬੜਾ ਸ਼ੈਤਾਨ
ਰੰਗ ਰੂਪ ਤੇ ਬੜਾ ਗ਼ੁਮਾਨ,
ਆਪਣੇ ਸਿੰਘਾਂ ਤੇ ਇਤਰਾਵੇ
ਤਾਜ ਹੈ ਸਿਰ 'ਤੇ ਇਹ ਸਮਝਾਵੇ।



ਪੈਰ ਨਾ ਉਸਨੂੰ ਲੱਗਣ ਚੰਗੇ
ਪਤਲੇ, ਕੋਝੇ, ਬਾਹਲੇ, ਮੰਦੇ,
ਜੰਗਲ ਇਕ ਸ਼ਿਕਾਰੀ ਆਇਆ
ਕੱਸਕੇ ਉਸ ਨਿਸ਼ਾਨਾ ਲਾਇਆ।

ਡਰਦਾ-ਡਰਦਾ ਉੱਥੇ ਭੱਜਿਆ
ਸਾਹੋ-ਸਾਹੀ ਹੋ ਕੇ ਨੱਸਿਆ,
ਕੋਝੇ ਪੈਰ ਤਾ ਕੰਮ ਸੀ ਆਏ
ਸਿੰਘ ਤਾਂ ਝਾੜੀਆਂ ਵਿਚ ਫਸਾਏ।

ਜ਼ੋਰ ਬਥੇਰਾ ਉਸ ਸੀ ਲਾਇਆ
ਪਰ ਝਾੜੀ 'ਚੋਂ ਨਿਕਲ ਨਾ ਪਾਇਆ,
ਤੀਰ ਆ ਕੇ ਢਿੱਡ ਵਿਚ ਵੱਜਿਆ
ਢੇਰ ਹੋ ਗਿਆ ਉੱਠ ਨਾ ਸਕਿਆ।

ਯਾਦ ਰੱਖੋ ਇਹ ਕਦੇ ਨਾ ਭੁੱਲਣਾ
ਹਰ ਚਮਕੀਲੀ ਚੀਜ਼ ਨਾ ਹੁੰਦੀ ਸੋਨਾ।

## ਕਾਲੂ ਕਾਂ



ਕਾਲੂ ਕਾਂ ਸੀ ਬੜਾ ਨਮੋਸ਼
ਦਿਲ ਵਿਚ ਉਸਦੇ ਰਹਿੰਦਾ ਰੋਸ,
ਝੂਰਦਾ ਰਹਿੰਦਾ ਰੱਬ ਦੇ ਅੱਗੇ
ਰੂਪ ਨਾ ਕਾਲਾ ਉਸਨੂੰ ਫੱਬੇ।

ਜਦ ਦਾ ਹੰਸ ਸੀ ਨਜ਼ਰੀਂ ਆਇਆ
ਕਾਂ ਨੇ ਆਪਣਾ ਚੈਨ ਗਵਾਇਆ,
ਕਿੰਨਾ ਸੋਹਣਾ ਚਿੱਟਾ ਰੰਗ
ਰੂਪ ਵੇਖ ਉਹ ਰਹਿ ਗਿਆ ਦੰਗ।

ਪਰ ਹੰਸ ਵੀ ਨਹੀਂ ਸੀ ਖ਼ੁਸ਼
ਮਨ ਵਿਚ ਉਸਦੇ ਭਰਿਆ ਦੁੱਖ,
ਉਸਦੇ ਮਨ ਨੂੰ ਤੋਤਾ ਭਾਵੇ
ਮਿੱਠੂ ਮਿਆਂ ਬੜਾ ਸੁਹਾਵੇ।

ਹਰਾ ਤੇ ਲਾਲ ਰੰਗ ਹੈ ਫੱਬਦਾ
ਟੇਢੀ ਚੁੰਜ ਨਾਲ ਮਿਰਚਾਂ ਚੱਬਦਾ,
ਰਾਮ ਰਾਮ ਉਹ ਰਟਦਾ ਜਾਵੇ
'ਰਟੂ ਤੋਤਾ' ਉਹ ਅਖਵਾਵੇ।

ਸਾਰੇ ਆਖਣ 'ਮਿੱਠੂ ਜਾਣੀ'
ਗੱਲ ਵਿਚ ਉਸਦੇ ਸੋਹੇ ਗਾਣੀ,
ਪਰ ਉਸਦੀਆਂ ਅੱਖਾਂ ਵਿਚ ਹੰਝੂ
ਪਿੰਜਰੇ ਵਿਚ ਸੀ ਜਿੰਦ ਨਿਮਾਣੀ।




ਉਸਨੇ ਦੋਵਾਂ ਨੂੰ ਸਮਝਾਇਆ
ਪਿੰਜਰੇ ਵਿਚ ਦੀ ਪੈਰ ਮਿਲਾਇਆ,
ਰੰਗ ਰੂਪ ਦਾ ਮੁੱਲ ਨਾ ਕੋਈ
ਆਜ਼ਾਦੀ ਦੇ ਤੁੱਲ ਨਾ ਕੋਈ।

ਗੱਲ ਦੋਵਾਂ ਦੀ ਸਮਝ 'ਚ ਆਈ
ਆਜ਼ਾਦੀ ਦੀ ਕਦਰ ਸੀ ਪਾਈ
ਮਾਰ ਉਡਾਰੀ ਉੱਡ ਗਿਆ ਕਾਂ
ਹੰਸ ਵੀ ਪਹੁੰਚਿਆ ਆਪਣੀ ਥਾਂ।



# ਊਠ

ਬੱਚਿਉ ਊਠ ਦੀ ਕਰੋ ਸਵਾਰੀ।
ਇਸ ਦੀ ਦਿੱਖ ਹੈ ਸਭ ਤੋਂ ਨਿਆਰੀ।



ਸ਼ਕਲ ਹੈ ਇਸ ਦੀ ਸਭ ਤੋਂ ਵੱਖਰੀ।
ਪਰ ਇਹ ਕਿਸੇ ਨੂੰ ਕਦੇ ਨਾਂ ਅੱਖਰੀ।

ਪੂੰਛ ਛੋਟੀ ਤੇ ਗਰਦਨ ਲੰਬੀ।
ਸਿਖ਼ਰ ਤੇ ਕੂਬੜ ਸਜਦੀ ਚੰਗੀ।

ਪੈਰਾਂ ਥੱਲੇ ਗੱਦੀ ਸੋਹੇ।
ਤੋਰ ਨਸ਼ੀਲੀ ਮਨ ਨੂੰ ਮੋਹੇ।

ਘਾਹ, ਪੱਤੇ, ਕੰਢੇ ਤੇ ਗੰਨੇ ਖਾਵੇ।
ਬਿਨ ਪਾਣੀ ਕਈ ਦਿਨ ਰਹਿ ਜਾਵੇ।

ਮੇਲਿਆਂ ਵਿਚ ਇਹ ਖ਼ੂਬ ਹੈ ਸੱਜਦਾ।
ਭੱਜਦਾ ਜਾਵੇ, ਕਦੇ ਨਾ ਥੱਕਦਾ।

ਰਾਜਸਥਾਨ ਦਾ ਇਹ ਹੈ ਜਹਾਜ਼।
ਪਸ਼ੂਆਂ ਦਾ ਵੀ ਇਹ ਸਰਤਾਜ।



## ਚਿੜੀਆ ਰਾਣੀ



ਚਿੜੀਆ ਰਾਣੀ, ਚਿੜੀਆ ਰਾਣੀ,
ਚੀਂ-ਚੀਂ ਕਰਦੀ ਚਿੜੀਆ ਰਾਣੀ।

ਇੱਧਰ-ਉੱਧਰ ਲੱਭਦੀ ਫਿਰਦੀ,
ਕਿਤੇ ਨਾ ਦਿਸਦਾ ਦਾਣਾ ਪਾਣੀ।

ਆਲ੍ਹਣੇ ਵਿਚ ਹੁਣ ਬੱਚੇ ਭੁੱਖੇ,
ਅੱਖਾਂ ਵਿਚ ਹੁਣ ਅੱਥਰੂ ਸੁੱਕੇ।

ਚਿੜੀ ਵਿਚਾਰੀ ਕਿੱਧਰ ਜਾਵੇ,
ਬੱਚਿਆਂ ਨੂੰ ਉਹ ਕਿਵੇਂ ਵਰਾਵੇ।

ਇਹ ਤਾਂ ਘਰਾਂ ਦੇ ਵਿਚ ਸੀ ਰਹਿੰਦੀ,
ਮੋਢਿਆਂ 'ਤੇ ਸੀ ਚੜ੍ਹ-ਚੜ੍ਹ ਬਹਿੰਦੀ।

ਹਰ ਥਾਂ ਰੱਖੀਏ ਦਾਣਾ ਪਾਣੀ,
ਪੰਛੀਆਂ ਦੀ ਜੇ ਜਾਨ ਬਚਾਣੀ।


ਤਾਰਾਂ ਦੇ ਹੁਣ ਜਾਲ ਵਿਛਾਏ,
ਪੰਛੀਆਂ ਨੇ ਵਿਚ ਖੰਭ ਫਸਾਏ।

ਰਲ-ਮਿਲ ਸਾਰੇ ਜੁਗਤ ਲੜਾਓ,
ਚਿੜੀਆ ਨੂੰ ਮੁੜ ਵਾਪਿਸ ਲਿਆਓ।



ਬੱਚਿਆਂ ਦੇ ਇਹ ਮਨ ਨੂੰ ਭਾਉਂਦੀ,
ਮਿੱਠੇ-ਮਿੱਠੇ ਗੀਤ ਸੁਣਾਉਂਦੀ।

## ਚਤੁਰ ਖ਼ਰਗੋਸ਼



ਰੰਗਲੇ ਵਨ ਵਿਚ ਇਕ ਸੀ ਸ਼ੇਰ,
ਜਾਨਵਰ ਮਾਰੇ ਸ਼ਾਮ ਸਵੇਰ।

ਅੱਧੇ ਸੁੱਟਦਾ ਅੱਧੇ ਖਾਂਦਾ
ਸਭਨਾਂ ਨੂੰ ਉਹ ਬੜਾ ਸਤਾਉਂਦਾ।

ਕੋਈ ਨਾ ਉਸਦੇ ਨੇੜੇ ਲੱਗੇ
ਸਾਰੇ ਉਸਨੂੰ ਵੇਖ ਕੇ ਭੱਜੇ।

ਜਾਨਵਰਾਂ ਨੇ ਫੇਰ ਮੀਟਿੰਗ ਬੁਲਾਈ,
ਇਕ ਖ਼ੁਰਗੋਸ਼ ਨੇ ਜੁਗਤ ਲੜਾਈ।

ਭੱਜ ਕੇ ਪਹੁੰਚਿਆ ਸ਼ੇਰ ਦੇ ਵਿਹੜੇ,
ਲੇਟ ਗਿਆ ਉਹ ਉਸਦੇ ਨੇੜੇ।

ਮਹਾਰਾਜ ਮੈਨੂੰ ਕਰ ਦਿਉ ਮੁਆਫ਼,
ਪਰ ਕਰਨਾ ਪਉ ਥੋੜ੍ਹਾ ਇਨਸਾਫ਼।

ਸ਼ੇਰ ਕੋਈ ਜੰਗਲ ਵਿਚ ਆਇਆ,
ਬਾਦਸ਼ਾਹੀ ਉਸ ਹੁਕਮ ਸੁਣਾਇਆ।

ਇਕ ਜੰਗਲ ਵਿਚ ਦੋ-ਦੋ ਸ਼ੇਰ,
ਇਹ ਤਾਂ ਹੋਇਆ ਘੋਰ ਹਨ੍ਹੇਰ।

ਇਹ ਸੁਣ ਸ਼ੇਰ ਨੂੰ ਗੁੱਸਾ ਆਇਆ,
ਖ਼ਰਗੋਸ਼ ਦੇ ਪਿੱਛੇ ਖੂਹ ਤੱਕ ਆਇਆ।

ਵੇਖੀ ਉਸ ਆਪਣੀ ਪਰਛਾਈ,
ਜ਼ੋਰ ਦੀ ਫੇਰ ਦਹਾੜ ਜਦ ਲਾਈ।

ਵਾਪਿਸ ਉਹੀ ਆਵਾਜ਼ ਸੀ ਆਈ,
ਸ਼ੇਰ ਨੇ ਖੂਹ ਵਿਚ ਛਾਲ ਜਾ ਲਾਈ।

ਖ਼ੁਰਗੋਸ਼ ਦੀ ਕੰਮ ਆਈ ਚਤੁਰਾਈ,
ਰਲ-ਮਿਲ ਸਭ ਨੇ ਖ਼ੁਸ਼ੀ ਮਨਾਈ।



# ਭੇੜੀਆ ਤੇ ਮੇਮਣਾ



ਰੰਗਲੇ ਜੰਗਲ ਨਦੀ ਦੇ ਕੰਢੇ ਭੇੜੀਏ ਦਾ ਸੀ ਵਾਸਾ
ਭੁੱਖ ਲੱਗੀ ਸੀ ਡਾਢੀ ਉਸਨੂੰ, ਨਾਲੇ ਉਹ ਸੀ ਪਿਆਸਾ।

ਜਾਨਵਰ ਤਾਂ ਕੋਈ ਨਾ ਦਿੱਸਿਆ, ਪਾਣੀ ਪੀਣ ਨੂੰ ਆਇਆ,
ਨਦੀ ਦੇ ਦੂਜੇ ਪਾਸੇ ਉਸਨੂੰ ਨਜ਼ਰ ਮੇਮਨਾ ਆਇਆ।

ਅੱਖਾਂ ਵਿਚ ਆ ਗਈ ਚਮਕ ਤੇ ਮਨ ਉਸਦਾ ਲਲਚਾਇਆ,
ਨਰਮ-ਨਰਮ ਜਿਹਾ ਵੇਖ ਮੇਮਣਾ ਮੂੰਹ ਵਿਚ ਪਾਣੀ ਆਇਆ।

ਮੇਮਣਾ ਪੀ ਰਿਹਾ ਸੀ ਪਾਣੀ, ਖੁਸ਼ ਹੋ ਕੇ ਉਹ ਨੱਚੇ,
ਠੰਡੇ-ਠੰਡੇ ਪਾਣੀ ਦੇ ਉਹ ਮਾਰ ਰਿਹਾ ਸੀ ਛਿੱਟੇ।

ਓਏ ਮੇਮਣੇ, ਅਕਲ ਨਾ ਤੈਨੂੰ, ਤੂੰ ਬੁੱਧੀ ਤੋਂ ਮੰਦਾ,
ਸਾਰਾ ਪਾਣੀ ਜੂਠਾ ਕਰ ਤਾ, ਨਾਲੇ ਕਰ ਤਾਂ ਗੰਦਾ।

ਮਹਾਰਾਜ ਮੈਂ ਜੀਵ ਹਾਂ ਨਿੱਕਾ, ਸਭ ਥੋੜਾ ਸਰਮਾਇਆ,
ਪਰ, ਪਾਣੀ ਉੱਤੋਂ ਦੀ ਵਗ ਕੇ ਮੇਰੇ ਕੋਲ ਹੈ ਆਇਆ।

ਮੈਨੂੰ ਸਭ ਹੁਣ ਯਾਦ ਆ ਗਿਆ, ਸਮਝ ਗਿਆ ਮੈਂ ਚਾਲਾਂ
ਤੇਰਿਆਂ ਪੁਰਖਿਆਂ ਨੇ ਕਦੀ ਕੱਢੀਆਂ ਸਨ ਸਾਨੂੰ ਗਾਲ੍ਹਾਂ।

ਹੱਥ ਜੋੜ ਕੇ ਮੇਮਣਾ ਆਖੇ, ਮੁਆਫ਼ੀ ਦਿਓ ਜੀ, ਮੈਂ ਘਰ ਨੂੰ ਹੈ ਜਾਣਾ,
ਏਨੀਆਂ ਗੱਲਾਂ ਮੈਂ ਕੀ ਜਾਨਾਂ ਮੈਂ ਤਾਂ ਨਿੱਕਾ ਜੀ ਨਿਮਾਣਾ

ਮੁਆਫ਼ੀ ਤੈਨੂੰ ਹੁਣ ਨਾ ਮਿਲਣੀ, ਗੱਲ ਸੁਣ ਮੇਰੇ ਭਾਈ,
ਮਾਰ ਝਪਟਾ ਭੇੜੀਏ ਨੇ ਫਿਰ ਆਪਣੀ ਭੁੱਖ ਮਿਟਾਈ।

ਬੱਚ ਕੇ ਰਹਿਣਾ ਸਦਾ ਹੀ ਬੱਚਿਓ, ਨਾ ਸਵੋ ਕਿਸੇ ਦੀ ਧੌਂਸ,
ਅਕਲ ਤੋਂ ਲੈਣਾ ਕੰਮ, ਨਹੀਂ ਫਿਰ ਜਿਸ ਦੀ ਲਾਠੀ ਉਸਦੀ ਭੈਂਸ।



❁

## ਦੋ ਬੱਕਰੀਆਂ



ਰੰਗਲੇ ਜੰਗਲ ਇਕ ਨਦੀ ਕਲ-ਕਲ ਕਰਦੀ
ਵੱਗੇ
ਇਕ ਸਮੇਂ ਵਿਚ ਉਸਦੇ ਪੁਲ ਤੋਂ ਇਕੋ ਜੀ
ਹੀ ਲੰਘੇ।

ਇਕ ਦਿਨ ਦੋ ਮੂਰਖ ਬੱਕਰੀਆਂ ਵਿਚ ਹੋਈ ਬੜੀ ਤਕਰਾਰ,
ਦੋਵੇਂ ਆਖਣ ਮੈਂ ਕਰਾ ਇਸ ਪੁਲ ਨੂੰ ਤੈਥੋਂ ਪਹਿਲਾਂ ਪਾਰ।

ਲੜ-ਲੜ ਘੁਨਮਸੁੱਨੋ ਹੋਈਆਂ, ਹੋਈਆਂ ਲਹੂ-ਲੁਹਾਨ,
ਦੋਵੇਂ ਡਿੱਗੀਆਂ ਵਿਚ ਨਦੀ, ਨਾ ਮਿਲਿਆ ਕੋਈ ਨਿਸ਼ਾਨ।

ਅਗਲੇ ਦਿਨ ਵੀ ਇਹੀ ਹੋਇਆ, ਦੋ ਬੱਕਰੀਆਂ ਆਈਆਂ,
ਪੁਲ ਤੇ ਅੱਧੇ ਰਾਹ ਵਿਚ ਆ ਕੇ ਉਹ ਦੋਵੇਂ ਟਕਰਾਈਆਂ।

ਇਕ ਬੋਲੀ, ਨਾ ਚਿੰਤਾ ਕੋਈ ਲੈ ਮੈਂ ਲੇਟ ਜਾਵਾਂ,
ਹੋਲੀ ਜਿਹੀ ਤੂੰ ਲੰਘ ਜਾ, ਤੇ ਮੈਂ ਪਿੱਛੋਂ ਲੰਘ ਜਾਵਾਂ।

ਲੇਟ ਗਈ ਪਹਿਲੀ ਬੱਕਰੀ ਤੇ ਦੂਜੀ ਹੋ ਗਈ ਪਾਰ,
ਸਿਆਣਪ ਨਾਲ ਕੰਮ ਹੋ ਗਿਆ, ਨਾਲੇ ਵਧਿਆ ਪਿਆਰ।



ਬੱਚਿਉ ਝਗੜਾ ਕਦੇ ਨਾ ਕਰੀਏ, ਜਾਉ
ਮੁਸੀਬਤ ਟਲ
ਇਹੋ ਜਿਹੀ ਕੋਈ ਮੁਸ਼ਕਲ ਨਹੀਂ, ਨਾ ਹੋਵੇ
ਜਿਸ ਦਾ ਹੱਲ।

# ਚਿੜੀ ਤੇ ਕਾਂ

ਇਕ ਚਿੜੀ ਤੇ ਕਾਂ ਗੁਆਂਢੀ,
ਦੋਵੇਂ ਸਨ ਇਕ ਖੇਤ 'ਚ ਸਾਂਝੀ।

ਅੰਮ੍ਰਿਤ ਵੇਲੇ ਉੱਠ ਕੇ ਚਿੜੀ ਨੇ,
ਸਾਰੇ ਘਰ ਦਾ ਕੰਮ ਨਿਪਟਾਇਆ।



ਪਰ ਕਾਂ ਸੀ ਬੜਾ ਆਲਸੀ,
ਧੁੱਪ ਚੜ੍ਹੇ ਉਹ ਉੱਠ ਕੇ ਆਇਆ।

ਖੇਤ ਵਾਹਨ ਦਾ ਵੇਲਾ ਆਇਆ,
ਕਾਂ ਨੇ ਸੀ ਫਿਰ ਮੂੰਹ ਬਣਾਇਆ।

ਨਿੱਤ ਬਹਾਨੇ ਕਾਂ ਬਣਾਵੇ,
ਕੱਲੀ ਚਿੜੀ ਕੰਮ 'ਤੇ ਜਾਵੇ।



ਮਸਤੀ ਵਿਚ ਉਹ ਉੱਡਦਾ ਰਹਿੰਦਾ,
ਕੰਮ ਕਾਰ ਨਾ ਕੋਈ ਕਰਦਾ।

ਚਿੜੀ ਦਾ ਕੋਈ ਵੱਸ ਨਾ ਚਲਦਾ,
ਕਾਂ ਨਿੱਤ ਨਵਾਂ ਬਹਾਨਾ ਘੜਦਾ।

ਜਦੋਂ ਚਿੜੀ ਖੇਤਾਂ ਨੂੰ ਬੁਲਾਵੇ
ਕਾਂ-ਕਾਂ ਕਰ ਉਹ ਗਾਣਾ ਗਾਵੇ

'ਹੱਲੇ ਸਰਦੀ ਤੇ ਸਵੇਰਾ ਹੈ,
ਧੁੱਪ ਚੜ੍ਹਨ 'ਤੇ ਆਵਾਂਗਾ।

ਭੁੱਖ ਲੱਗੀ ਹੈ ਰੱਜ ਕੇ ਮੈਨੂੰ,
ਰੋਟੀ ਖਾ ਕੇ ਆਵਾਂਗਾ।

ਖੇਤਾਂ ਵਿਚ ਫਿਰ ਆਈ ਬਹਾਰ,
ਫ਼ਸਲ ਪੱਕ ਕੇ ਹੋ ਗਈ ਤਿਆਰ।

ਹੁਣ ਤਾਂ ਨਿੱਤ ਕਾਂ ਭੱਜ ਕੇ ਆਵੇ,
ਆ ਕੇ ਅਪਣਾ ਰੋਹਬ ਜਮਾਵੇ।


ਕੰਮ ਕਾਜ ਨਾ ਕੀਤਾ ਭੋਰਾ,
ਆਖੇ ਅੱਧਾ ਹੱਕ ਹੈ ਮੇਰਾ।

ਜ਼ੋਰ ਦੀ ਮੀਂਹ ਤੇ ਬੱਦਲ ਆਇਆ,
ਫ਼ਸਲ ਚਿੜੀ ਦੇ ਘਰ ਵਿਚ ਲਿਆਇਆ।

ਮਿਹਨਤ ਤੋਂ ਜੋ ਜੀਅ ਚੁਰਾਵੇ,
ਕਾਂ ਦੇ ਵਾਂਗ ਸਜ਼ਾ ਉਹ ਪਾਵੇ।



## ਸ਼ੇਰ ਤੇ ਚੂਹਾ



ਚਿੰਪੂ ਚੂਹਾ ਬੜਾ ਨਿਡਰ, ਕਿਸੇ ਕੋਲੋਂ ਨਾ ਲੱਗਦਾ ਡਰ
ਇਕ ਸ਼ੇਰ ਕਰ ਰਿਹਾ ਅਰਾਮ, ਕੀਤੀ ਉਸਦੀ ਨੀਂਦ ਹਰਾਮ।

ਉੱਤੇ ਚੜ੍ਹ ਕੇ ਨੱਚਣ ਲੱਗਿਆ, ਇੱਧਰ-ਉੱਧਰ ਨੱਸਣ ਲੱਗਿਆ,
ਸ਼ੇਰ ਨੂੰ ਡਾਢਾ ਗੁੱਸਾ ਆਇਆ, ਵਿਚ ਪੰਜੇ ਚੂਹੇ ਨੂੰ ਦਬਾਇਆ।

ਚੂਹੇ ਹੁਣ ਕੀਤੀ ਫ਼ਰਿਆਦ, ਛੱਡ ਦਿਉ ਤੁਸੀਂ ਹੇ ਮਹਾਰਾਜ,
ਮੈਂ ਵੀ ਕਦੀ ਕੰਮ ਆਵਾਂਗਾ, ਆਪਣਾ ਫ਼ਰਜ਼ ਨਿਭਾਵਾਂਗਾ।

ਹਾ-ਹਾ-ਹਾ, ਓਏ ਹੋਏ ਪਿੱਦੀ, ਤੂੰ ਕੀ ਮੇਰੇ ਕੰਮ ਆਵੇਂਗਾ,
ਜਾ ਤੈਨੂੰ ਕੀਤਾ ਆਜ਼ਾਦ, ਤੂੰ ਵੀ ਸਾਨੂੰ ਕਰੇਗਾ ਯਾਦ।

ਰੰਗਲੇ ਵਣ ਸ਼ਿਕਾਰੀ ਆਇਆ, ਸ਼ੇਰ ਨੂੰ ਜਾਲ ਦੇ ਵਿਚ ਫਸਾਇਆ,
ਜਾਨਵਰ ਕੋਈ ਨਾ ਨੇੜੇ ਲੱਗੇ, ਸਾਰੇ ਉਸ ਤੋਂ ਦੂਰ ਹੀ ਭੱਜੇ।

ਜ਼ੋਰ ਬਥੇਰਾ ਸ਼ੇਰ ਨੇ ਲਾਇਆ, ਪਰ ਨਾ ਜਾਲ ਤੋਂ ਬਾਹਰ ਆਇਆ,
ਥੱਕ ਹਾਰ ਉਹ ਹੋਇਆ ਉਦਾਸ, ਬੈਠ ਗਿਆ ਛੱਡ ਦਿੱਤੀ ਆਸ।

ਏਨੇ ਵਿਚ ਸੀ ਚਿੰਪੂ ਆਇਆ, ਜਾਲ ਕੁਤਰ ਕੇ ਸ਼ੇਰ ਛੁੜਾਇਆ,
ਧੰਨਵਾਦ ਕੀਤਾ ਰਾਜੇ ਨੇ, ਤੂੰ ਤਾਂ ਸੱਚਮੁਚ ਵਚਨ ਨਿਭਾਇਆ।

ਰਾਜੇ ਨੇ ਦਰਬਾਰ ਬੁਲਾਇਆ, ਆਪਣਾ ਉਸ ਫ਼ੁਰਮਾਨ ਸੁਣਾਇਆ,
ਨਿੱਕਾ ਵੱਡਾ ਕੋਈ ਨਾ ਅੱਜ ਤੋਂ, ਸਾਰਿਆਂ ਨੇ ਮਿਲ ਜਸ਼ਨ ਮਨਾਇਆ।



# ਰੰਗਿਆ ਗਿੱਦੜ



ਰਾਹ ਜੰਗਲ ਦਾ ਭੁੱਲ ਗਿੱਦੜ ਇਕ ਪਿੰਡ ਜਾ ਵੜਿਆ,
ਰਾਹ ਹਨ੍ਹੇਰੀ ਕਾਲੀ ਬੋਲੀ ਮਨ ਵਿਚ ਡਾਢਾ ਡਰਿਆ।

ਇਧਰ-ਉਧਰ ਭੱਜਦਾ ਫਿਰਦਾ ਕਿਧਰ ਨੂੰ ਉਹ ਜਾਵੇ,
ਲੁਕਣ ਦਾ ਕੋਈ ਥਾਂ ਟਿਕਾਣਾ ਉਸ ਨੂੰ ਨਜ਼ਰ ਨਾ ਆਵੇ।

ਜੰਗਲੀ ਕੁੱਤਿਆਂ ਤੋਂ ਕਿੱਦਾਂ ਬਚੇ ਸਮਝ ਨਾ ਉਸਨੂੰ ਆਈ,
ਇਕ ਧੋਬੀ ਦੇ ਘਰ ਵਿਚ ਲੁਕ ਕੇ ਆਪਣੀ ਜਾਨ ਬਚਾਈ।

ਘਰ ਧੋਬੀ ਦੇ ਭਰਿਆ ਪਿਆ ਸੀ ਇਕ ਨੀਲ ਦਾ ਟਬ,
ਉਸ ਵਿਚ ਜਦ ਉਹ ਜਾ ਡਿੱਗਾ ਤਾਂ ਹੋਇਆ ਡੱਬ-ਖੜੱਬ।

ਸਵੇਰ ਵੇਲੇ ਜਦ ਵਾਪਿਸ ਆਇਆ, ਰੰਗ ਹੋ ਗਿਆ ਨੀਲਾ,
ਸ਼ਕਲ ਵੇਖ ਪਾਣੀ ਵਿਚ ਆਪਣੀ ਮੂੰਹ ਹੋ ਗਿਆ ਪੀਲਾ।

ਜਦ ਉਹ ਜੰਗਲ ਦੇ ਵਿਚ ਆਇਆ, ਅਜਬ ਵਰਤ ਗਏ ਭਾਣੇ,
ਨੀਲੇ ਰੰਗ ਦੇ ਇਸ ਜੰਤੂ ਨੂੰ ਕੋਈ ਵੀ ਨਾ ਪਛਾਣੇ।

ਸ਼ੇਰ ਚੀਤੇ ਨੇ ਹੱਥ ਬੰਨ੍ਹ ਲਏ, ਹਾਥੀ ਕਿਤੇ ਨਾ ਦਿਸੇ,
ਨਿੱਕੇ ਮੋਟੇ ਸਾਰੇ ਜਾਨਵਰ ਲੁਕ ਗਏ ਉਸਦੇ ਪਿੱਛੇ।

ਗਿੱਦੜ ਵੀ ਸੀ ਬੜਾ ਹੀ ਸ਼ਾਤਿਰ ਗੱਲ ਸਮਝ ਗਿਆ ਸਾਰੀ,
ਜੰਗਲ ਦਾ ਰਾਜਾ ਬਣਨ ਦੀ ਕੀਤੀ ਮਨ ਵਿਚ ਤਿਆਰੀ।

ਆਖੇ ਮੇਰਾ ਨਾਂ 'ਨੀਲਾਂਬਰ' ਅਰਸ਼ਾਂ ਤੋਂ ਮੈਂ ਆਇਆ,
ਰੱਬ ਨੇ ਆਪਣੇ ਹੱਥੀ ਘੜ ਕੇ ਰੰਗਲੇ ਵਣ ਪਹੁੰਚਾਇਆ।

ਸਾਰੇ ਜਾਨਵਰ ਥਰ-ਥਰ ਕੰਬਣ, ਹੱਥ ਨਾ ਉਹ ਹਿਲਾਵੇ
ਸ਼ਿਕਾਰ ਕਰਦੇ ਸ਼ੇਰ ਤੇ ਚੀਤਾ, ਮਜ਼ੇ ਨਾਲ ਉਹ ਖਾਵੇ।

ਇਕ ਰਾਤ ਸਿਆਰਾਂ ਦੀ ਟੋਲੀ ਦੂਰ-ਦੁਰਾਡੇ ਗਾਵੇ,
ਹਉ-ਹਉ ਦੀ ਬੋਲੀ ਬੋਲੇ, ਨਾਲੇ ਗੀਤ ਸੁਣਾਵੇ।

ਖੁਸ਼ ਹੋ ਕੇ ਸਿਆਰ ਨੇ ਵੀ, ਉਹੀ ਹੇਕ ਸੀ ਲਾਈ
ਭੇਦ ਖੁੱਲ੍ਹ ਗਿਆ ਸਾਰਾ ਉਸਦਾ ਹੋਈ ਖ਼ੂਬ ਪਿਟਾਈ।

ਦੁਮ ਦਬਾ ਕੇ ਭੱਜਿਆ ਇੱਥੋਂ, ਨਜ਼ਰ ਨਾ ਕਿੱਧਰੇ ਆਇਆ,
ਆਪਣੀ ਟੋਲੀ ਵਾਲਿਆਂ ਨੇ ਖ਼ੂਬ ਮਜ਼ਾਕ ਉਡਾਇਆ।

ਬੱਚਿਓ ਝੂਠ ਦੀ ਉਮਰ ਹੈ ਥੋੜ੍ਹੀ, ਗੱਲ ਬਣ ਲਵੋ ਪੱਲੇ,
ਸੱਚਾਈ ਤਾਂ ਸਦਾ ਹੀ ਜਿੱਤਦੀ, ਹੋਵੇ ਬੱਲੇ-ਬੱਲੇ।

❀

# ਪਸ਼ੂ ਪੰਛੀਆਂ ਦੀ ਫ਼ਰਿਆਦ



ਰੰਗਲੇ ਵਣ ਦੇ ਪਸ਼ੂ ਪੰਛੀਆਂ ਨੇ ਇਕ ਸਭਾ ਬੁਲਾਈ,
ਰਾਜੇ ਸ਼ੇਰ ਦੀ ਅਗਵਾਈ ਹੇਠ ਸ਼ੁਰੂ ਹੋਈ ਕਾਰਵਾਈ।

ਚੀਤਾ ਹਿਰਨ ਤੇ ਭਾਲੂ ਆਏ, ਪਹੁੰਚਿਆ ਦਾਦਾ ਹਾਥੀ,
ਊਠ ਬਘਿਆੜ ਤੇ ਗਿੱਦੜ ਆਇਆ, ਆਏ ਹੋਰ ਵੀ ਸਾਥੀ।

ਮੁਰਗਾ, ਸਾਰਸ, ਮੋਰ ਆਏ, ਉੱਡਾ ਆਇਆ ਕਬੂਤਰ,
ਕੰਮ ਛੱਡ ਕਟਫੋੜਾ ਆਇਆ, ਪਹੁੰਚੇ ਤੋਤਾ, ਤੀਤਰ।

ਬਿੱਲੀ, ਕੁੱਤਾ, ਕਾਂ ਵੀ ਭੱਜੇ, ਟੱਪ ਟੱਪ ਆਇਆ ਘੋੜਾ,
ਸੱਪ, ਕੇਂਚੂਏ, ਮੇਂਢਕ ਫੁਦਕੇ, ਬਿਰਾਜਮਾਨ ਹੰਸਾ ਦਾ ਜੋੜਾ।

ਗਿੱਧ, ਅਬਾਬੀਲ, ਮੈਨਾ ਪਹੁੰਚੀ, ਆਈ ਪਿਆਰੀ ਬੁਲਬੁਲ,
ਚਿੜੀ, ਚਕੋਰ ਤੇ ਉੱਲੂ ਬੈਠੇ, ਗਾਵੇ ਕੋਇਲ ਚੁਲਬੁਲ।

ਸਾਰਿਆਂ ਦੀ ਬੱਸ ਇਹੀ ਪੁਕਾਰ, ਸੁਣ ਲੈ ਉਹਨਾਂ ਦੀ ਫ਼ਰਿਆਦ,
ਪਸ਼ੂ, ਪੰਛੀ ਅਸੀਂ ਰੰਗ ਰੰਗੀਲੇ, ਸੋਹਣੇ-ਸੋਹਣੇ ਛੇਲ ਛਬੀਲੇ।

ਸਾਡੇ ਨਾਲ ਨਾ ਕਰੋ ਧੋਖਾ, ਅਸੀਂ ਵੀ ਹਾਂ ਕੁਦਰਤ ਦਾ ਤੋਹਫ਼ਾ,
ਬੇਮਤਲਬ ਜੰਗਲ ਨਾ ਵਿਗਾੜੋ, ਸਾਡੇ ਨਾ ਤੁਸੀਂ ਘਰ ਉਜਾੜੋ।

ਮਨੁੱਖ ਜੰਗਲਾਂ ਵਿਚ ਜਾਲ ਵਿਛਾਉਂਦੇ, ਫੜ ਕੇ ਸਾਨੂੰ ਮਾਰ ਕੇ ਖਾਂਦੇ,
ਸਰਕਸ, ਚਿੜੀਆਘਰ ਲੈ ਜਾਂਦੇ, ਸਾਡੇ 'ਤੇ ਫਿਰ ਜ਼ੁਲਮ ਹੈ ਢਾਂਦੇ।

ਜ਼ੋਰ ਤਾਂ ਸਾਡੇ ਵਿਚ ਬਥੇਰਾ ਪਰ ਅਕਲ ਦਾ ਘਾਟਾ,
ਸ਼ੇਰ ਦੇਵੇ ਸਲਾਮ ਤੁਹਾਨੂੰ, ਬਲੱਦ ਤਾਂ ਪੀਂਹਦੇ ਆਟਾ।

ਸਾਡੇ ਨਾਲ ਵੀ ਹੱਥ ਮਿਲਾਓ, ਸਾਨੂੰ ਆਪਣਾ ਮਿੱਤਰ ਬਣਾਓ,
ਅਸੀਂ ਹਾਂ ਧਰਤੀ ਦਾ ਸ਼ਿੰਗਾਰ, ਬੇਮਤਲਬ ਨਾ ਮਾਰੋ ਮਾਰ।

ਧਰਤੀ ਉੱਤੇ ਘਟ ਗਿਆ ਪਾਣੀ, ਅਸਾਂ ਵੀ ਆਪਣਾ ਪਿਆਸ ਬੁਝਾਣੀ,
ਭੁੱਖ ਪਿਆਸ ਹੈ ਸਭ ਨੂੰ ਲੱਗਦੀ, ਸਾਨੂੰ ਵੀ ਦਿਉ ਦਾਣਾ ਪਾਣੀ।

ਵਣ ਬਚਾਓ, ਪੇੜਚ ਲਗਾਓ, ਧਰਤੀ ਮਾਂ ਦੀ ਸ਼ਾਨ ਵਧਾਓ,
ਰੰਗਲੀ ਧਰਤੀ ਹਰੇ ਹਰੇਵਣ, ਇਹ ਤਾਂ ਸਭ ਤੋਂ ਮਹਿੰਗਾ ਧਨ।

